

# TAPP-C

# (ਟੀਏਪੀਪੀ–ਸੀ)

## ਬੱਚਿਆਂ ਲਈ ਅੱਗਜ਼ਨੀ ਰੋਕਥਾਮ ਪ੍ਰੋਗਰਾਮ

**ਜੇ ਤੁਹਾਨੂੰ ਸ਼ੱਕ ਹੈ ਜਾਂ ਜਾਣਦੇ ਹੋ ਕਿ ਤੁਹਾਡਾ ਬੱਚਾ ਅੱਗ ਨਾਲ ਖੇਡਣ ਜਾਂ ਅੱਗ ਲਗਾਉਣ ਵਿੱਚ ਲਿਪਤ ਹੈ, ਤਾਂ *ਫੇਰ ਤੁਸੀਂ ਇਕੱਲੇ ਨਹੀਂ ਹੋ***

**ਅੱਗ ਨਾਲ ਖੇਡਣਾ ਖਤਰਨਾਕ ਹੋ ਸਕਦਾ ਹੈ ਅਤੇ ਅਸਲ ਵਿੱਚ ਘਰ ਵਿੱਚ ਬੱਚਿਆਂ ਦੀ ਮੌਤ ਦਾ ਪ੍ਰਮੁੱਖ ਕਾਰਨ ਹੈ।**

## ਮਦਦ ਉਪਲਬਧ ਹੈ।

ਪੀਲ ਦੀ TAPP-C (ਟੀਏਪੀਪੀ–ਸੀ) ਸਾਡੀ ਕਮਿਊਨਿਟੀ ਵਿੱਚ ਬੱਚਿਆਂ ਅਤੇ ਕਿਸ਼ੋਰਾਂ ਦੀ ਅੱਗ ਸਬੰਧੀ ਗੈਰ ਵਾਜਬ ਸ਼ਮੂਲੀਅਤ ਨੂੰ ਘਟਾਉਣ ਪ੍ਰਤੀ ਵਚਨਬੱਧ ਹੈ।

TAPP-C (ਟੀਏਪੀਪੀ–ਸੀ) ਅੱਗ ਸਬੰਧੀ ਸ਼ਮੂਲੀਅਤ ਦੀ ਸਮੱਸਿਆ ਨਾਲ ਨਜਿੱਠਣ ਲਈ ਬੱਚੇ ਅਤੇ ਪਰਿਵਾਰ ਦੀ ਮਦਦ ਲਈ ਫਾਇਰ ਸਰਵਿਸਿਜ਼ ਪੇਸ਼ੇਵਰਾਂ ਨੂੰ ਕਾਊਂਸਲਿੰਗ ਪੇਸ਼ੇਵਰਾਂ ਨਾਲ ਇੱਕ ਜੁੱਟ ਕਰਦਾ ਹੈ।

ਫਾਇਰ ਸਰਵਿਸ ਪੇਸ਼ੇਵਰ ਪਰਿਵਾਰ ਅਤੇ ਬੱਚੇ ਦੀ ਅੱਗ ਸਬੰਧੀ ਸੁਰੱਖਿਆ ਦੇ ਚੰਗੇ ਵਿਹਾਰ ਬਣਾਉਣ ਵਿੱਚ ਮਦਦ ਕਰਦੇ ਹਨ। ਕਾਊਂਸਲਿੰਗ ਪੇਸ਼ੇਵਰ ਅੱਗ ਦੀ ਨਿਰੰਤਰ ਸ਼ਮੂਲੀਅਤ ਦੇ ਜੋਖਮ ਨੂੰ ਤੈਅ ਕਰਨ ਲਈ ਬੱਚੇ ਬਾਰੇ ਮੁਲਾਂਕਣ ਕਰਨਗੇ। ਇਹ ਪ੍ਰੋਗਰਾਮ 2-17 ਸਾਲ ਦੀ ਉਮਰ ਦੇ ਬੱਚਿਆਂ ਲਈ ਉਪਲਬਧ ਹੈ ਅਤੇ ਮੁਫ਼ਤ ਹੈ।



**TAPP-C (ਟੀਏਪੀਪੀ–ਸੀ) ਦੋ ਪ੍ਰੋਗਰਾਮਾਂ ਨੂੰ ਮਿਲਾ ਕੇ ਬਣਿਆ ਹੈ:**

**1. ਅੱਗ ਸਬੰਧੀ ਸਿੱਖਿਆ**

**2. ਮੁਲਾਂਕਣ ਅਤੇ ਸਿਫਾਰਸ਼ਾਂ।**

ਅੱਗ ਸਬੰਧੀ ਸਿੱਖਿਆ ਵਾਲੇ ਭਾਗ ਦੀ ਸ਼ੁਰੂਆਤ ਫਾਇਰ ਸਰਵਿਸ ਪੇਸ਼ੇਵਰ ਦੀ ਘਰ ਵਿਖੇ ਫੇਰੀ ਤੋਂ ਹੁੰਦੀ ਹੈ। ਇਸ ਮੁਲਾਕਾਤ ਦੌਰਾਨ, ਘਰੇਲੂ ਅੱਗ ਸੁਰੱਖਿਆ ਜਾਂਚ ਕੀਤੀ ਜਾਂਦੀ ਹੈ, ਇਸ ਤੋਂ ਬਾਅਦ ਵਿੱਚ ਸਿੱਖਿਆ ਦੇਣ ਵਾਲਾ ਭਾਗ ਆਉਂਦਾ ਹੈ।

ਮੁਲਾਂਕਣ ਅਤੇ ਸਿਫਾਰਸ਼ਾਂ ਵਾਲੇ ਭਾਗ ਵਿੱਚ ਪੇਸ਼ੇਵਰ ਕਾਊਂਸਲਰਾਂ ਦਾ ਮਾਪੇ (ਮਾਪਿਆਂ) ਅਤੇ ਬੱਚੇ ਨਾਲ ਮਿਲਣਾ ਅਤੇ ਅੱਗ ਲਗਾਉਣ ਸਬੰਧੀ ਵਤੀਰੇ ਦੇ ਅਗਲੇਰੇ ਜੋਖ਼ਮ ਨੂੰ ਤੈਅ ਕਰਨਾ ਅਤੇ ਅਗਲੇ ਕਦਮਾਂ ਲਈ ਸਿਫਾਰਸ਼ਾਂ ਕਰਨਾ ਸ਼ਾਮਲ ਹੈ; ਇਸ ਵਿੱਚ ਪਰਿਵਾਰਾਂ ਸਾਹਮਣੇ ਪੇਸ਼ ਹੋਣ ਵਾਲੀਆਂ ਚੁਣੌਤੀਆਂ ਨਾਲ ਨਜਿੱਠਣ ਵਿੱਚ ਮਦਦ ਲਈ ਕਾਊਂਸਲਿੰਗ ਜਾਂ ਹੋਰ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ।

## ਸੰਪਰਕ:

ਜੇ ਤੁਹਾਡਾ ਬੱਚਾ ਅੱਗ ਨਾਲ ਖੇਡਣ ਜਾਂ ਅੱਗ ਲਗਾਉਣ ਵਿੱਚ ਸ਼ਾਮਲ ਹੈ, ਤਾਂ **ਪੀਲ ਚਿਲਡਰਨਜ਼ ਸੈਂਟਰ (ਪੀਸੀਸੀ) Peel Children'sCentre (PCC)** ਨਾਲ ਸੰਪਰਕ ਕਰੋ। **905-451-4655**

## TAPP-C (ਟੀਏਪੀਪੀ–ਸੀ) ਬਾਰੇ ਹੋਰ ਜਾਣਕਾਰੀ ਲਈ ਆਪਣੀ ਸਥਾਨਕ ਫਾਇਰ ਸਰਵਿਸ ਨੂੰ ਫੋਨ ਕਰੋ:

### ਬਰਾਂਪਟਨ
ਫਾਇਰ ਐਂਡ ਐਮਰਜੈਂਸੀ ਸਰਵਿਸਿਜ਼
905-458-5580

### ਕੈਲੇਡਨ
ਫਾਇਰ ਐਂਡ ਐਮਰਜੈਂਸੀ ਸਰਵਿਸਿਜ਼
905-584-2272 ext. 4303

### ਮਿਸੀਸੌਗਾ
ਫਾਇਰ ਐਂਡ ਐਮਰਜੈਂਸੀ ਸਰਵਿਸਿਜ਼
905-896-5908

Fire and Emergency Services Brampton
Town of Caledon
Mississauga Fire and Emergency Services — Leading today for tomorrow
Peel Children's Centre
Dufferin-Peel Catholic District School Board
O.P.P.
Peel District School Board
Peel Regional Police
Region of Peel — Working for you

Cover Photo Credit: Leanne Stoddart